ਸਭ ਹਕ ਲੇਖਕ ਦੇ ਅਧੀਨ ਹਨ ॥

ਹਣੀ ਰਹੇ ਸੋਈ ਸਿਖ ਮੇਰਾ ਓਹ ਸਾਹਿਬ ਮੇ ਉਸ ਕਾ ਚੇਰਾ

ਰਹਿਤ ਪ੍ਰਕਾਸ਼

# ਲੈਕਚਰ ਰਹਿਤ ਸਾਗਰ

ਅਰਥਾਤ ਸਮੂੰਹ

# ਰਹਿਤ ਨਾਮੇ

ਜਿਸ ਵਿਚ

ਸਿਖੀ ਦੇ ਹਰ ਇਕ ਕਕਾਰ ਤੇ ਚੰਗੀ ਤਰਾਂ ਰਹਿਤ ਰੱਖਣੀ ਸੋਹਣੇ ਤਰੀਕੇ ਨਾਲ ਦਸੀ ਹੈ ਤੇ ਨਾਲ ਹੀ ਗੋਸ਼ਟ ਭਾਈ ਨੰਦ ਲਾਲ

ਰਚਿਤ

ਮਾਨ ਸੰਤ ਸੰਪੂਰਨ ਸਿੰਘ ਜੀ Ph. D. Sc.

ਦੀ ਤੀਜੀ ਵਾਰ ਲਈ ਆਗਜ਼ਾ ਲੈਕੇ

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ
ਨੇ ਪ੍ਰਕਾਸ਼ਤ ਕਰਵਾਇਆ।

ਤੀਜੀ ਵਾਰ] ੧੦੦੦ [ਮੁੱਖ ।—)

20159

੧ ੴ ਸਤਿਗੁਰ ਪ੍ਰਸਾਦਿ ॥

# ਮੁਢਲੀ ਬੇਨਤੀ

ਅਕਸਰ ਕਰਕੇ ਰਹਿਤ ਨਾਮਿਆਂ ਬਾਬਤ ਕਈ ਭਾਂਤ ਦੀਆਂ ਤਰਕਾਂ ਉਠਾਈਆਂ ਜਾ ਰਹੀਆਂ ਹਨ। ਕਿਸੇ ਜ਼ਮਾਨੇ ਵਿੱਚ ਦੇਸ ਅੰਦਰ ਇਤਨੀ ਵਿਦਯਾ ਨਹੀਂ ਸੀ ਤੇ ਅੰਧ ਵਿਸ਼੍ਵਾਸ ਬਹੁਤ ਸੀ। ਸਿਖ ਧਰਮ ਦੇ ਵੈਰੀਆਂ ਦਾ ਓਦੋਂ ਤੋਂ ਲੈ ਹੁਣ ਤਕ ਕੋਈ ਵਾਰਾ ਪਾਰ ਨਹੀਂ ਪਾਇਆ ਜਾ ਸਕਦਾ। ਹਾਂ! ਅਗੇ ਵੈਰੀ ਧੱਕੇ ਵਾਲੇ ਸਨ ਤੇ ਹੁਣ ਦੇ ਮਿਠੇ ਮਿਠੇ, ਚੋਪੜੇ ਚੋਪੜੇ ਸੱਜਨਨੁਮਾ।

ਪਹਿਲੇ ਸਮਿਆਂ ਵਿੱਚ ਸਿਖਾਂ ਨੂੰ ਵਿਦਯਾ ਦੇ ਘਾਟੇ ਦੇ ਕਾਰਣ, ਅੰਧ ਵਿਸ਼੍ਵਾਸੀ ਸਰਧਾ ਦਾ ਸੱਚ ਮੁੱਚ ਹੀ ਇਕ ਅਨੋਖਾ ਤ੍ਰਾਣ ਸੀ; ਜੋ ਬਹੁਤ ਕਰਕੇ ਵਾੜ ਦਾ ਕੰਮ ਦਿੰਦਾ ਰਹਿੰਦਾ ਸੀ, ਪਰ ਅੱਜ ਕੱਲ ਇਨ੍ਹਾਂ ਦੇ ਐਜੂਕੇਟਿਡ (ਵਿਦਯਾ ਭਾਵੇਂ ਸੁਸਿਖਤ) ਹੋ ਜਾਣ ਕਰਕੇ ਹੁਣ ਇਨ੍ਹਾਂ ਦੇ ਦਿਮਾਗ ਤਰਕ ਵਿਤਰਕ ਦੇ ਲੈਕ ਹੋ ਗਏ ਹਨ, ਤੇ ਅਫਸੋਸ ਏਸ ਗੱਲ ਦਾ ਹੈ, ਕਿ ਸਿੱਖੀ ਧਰਮ ਉਪਰ ਦ੍ਰਿੜ੍ਹ ਰੱਖਣ ਤੇ ਆਪਣੇ ਘਰ ਸੰਬੰਧੀ ਤਰਕ ਵਿਤਰਕ ਨੂੰ ਸ਼ਾਂਤ ਕਰਨ ਵਾਲੀ ਸਿੱਖ ਸਾਹਿਤਯ ਸਰੂਪਣੀ ਸਮਗ੍ਰੀ ਇਨ੍ਹਾਂ ਵਿਚਾਰਿਆਂ ਨੂੰ ਮਿਲਦੀ ਨਹੀਂ,

ਜਿਸ ਕਰਕੇ ਇਨ੍ਹਾਂ ਦੀ ਲੁੜੀਂਦੀ ਦਸ਼ਾ ਵਿੱਚ ਕੁਛ ਤਾਂ ਪਛਮੀ ਰੰਗਤ ਰੰਗੀਆਂ ਪੁਸਤਕਾਂ ਪੜ੍ਹਨ ਕਾਰਣ ਅਤੇ ਕੁਛ ਪਸਰ ਰਹੇ ਕਲਜੁਗੀ ਪ੍ਰਭਾਵ ਕਰਕੇ, ਮਜ਼੍ਹਬ ਵਲੋਂ ਆਮ ਅਰੁਚੀ ਸਭਨੀ ਪਾਸੀਂ ਹੋ ਰਹੀ ਹੈ, ਜਿਸ ਤੋਂ ਇਹ ਭੀ 'ਨਹੀਂ' ਬਚ ਸੱਕੇ।

ਸਰਧਾ ਵਲੋਂ ਇਕ ਤਰ੍ਹਾਂ ਦਿਮਾਗ਼ ਸੱਖਣੇ ਹੋ ਰਹੇ ਹਨ, ਤੇ ਵਿਤਰਕੀ ਸੁਭਾਵ ਦਾ ਗੜ ਸਿਰਾਂ ਅੰਦਰ ਰੁਲਣ ਕਰਕੇ ਹਰ ਜਣਾਂ, ਹਰ ਮਜ਼੍ਹਬੀ ਗੱਲ ਬਾਰੇ ਦਲੀਲ ਮੰਗਦਾ ਹੈ, ਜਿਸ ਨੂੰ ਧਜਾਨ ਵਿੱਚ ਲਿਆਂਦਿਆਂ ਹੀ ਪੰਚ ਕਕਾਰੀ ਰਹਿਤਾਂ ਪੁਰ ਫਿਲਸਫਾਨਾ ਢੰਗ ਨਾਲ ਇਹ ਸੰਖੇਪ ਮਾਤ੍ਰ ਵਿਚਾਰ ਪ੍ਰਗਟ ਕੀਤੇ ਗਏ ਹਨ। ਅਕਸਰ ਪਾਠਕਾਂ ਨੇ ਇਨ੍ਹਾਂ ਵਿਚਾਰਾਂ ਨੂੰ ਸਲਾਹਿਆ ਤੇ ਇਨ੍ਹਾਂ ਤੋਂ ਲਾਭ ਉਠਾਇਆ ਹੈ, ਜਿਸ ਦਾ ਫਲ ਹੀ ਇਸ ਨੂੰ ਤੀਸਰੀ ਵਾਰ ਪ੍ਰਕਾਸ਼ਿਤ ਹੋਣ ਦਾ ਸੁਭਾਗ ਮਿਲ ਰਿਹਾ ਹੈ। ਆਮ ਪ੍ਰਚਲਿਤ ਤ੍ਰੁਟੀ ਦੇ ਕਾਰਣ ਜੋ ਕੁਛ ਸਾਰ ਵਿਚਾਰ ਵਿਸ਼ੇਸ਼ ਦੇਣ ਦੀ ਲੋੜ ਜਾਪਦੀ ਹੈ, ਟਿਪਣਾਂ ਰਾਹੀਂ ਪੂਰੀ ਕੀਤੀ ਜਾਂਦੀ ਹੈ। ਆਸ ਹੈ, ਪਾਠਕ ਸੱਜਣ ਨਿੱਤ ਨਵਾਂ ਲਾਭ ਲੈਂਦੇ ਇਸ ਰੌਸ਼ਨੀ ਦਾ ਅਧਿਕ ਤੋਂ ਅਧਿਕ ਪ੍ਰਚਾਰ ਕਰਣਗੇ, ਤਾਂ ਜੋ ਰਹਿਤਾਂ ਦੀ ਸਥਿਰਤਾ ਵਿੱਚ ਸਾਡੇ ਨਿਸਚੇ ਖਾਲਸਈ ਬਾਣੇ ਪੁਰ ਪ੍ਰਪਕ ਰਹਿਣ ਲਈ ਦ੍ਰਿੜ੍ਹਤਾ ਪਾਂਦੇ ਰਹਿਣ ਅਤੇ ਪ੍ਰਕਾਸ਼ਿਕਾਂ ਦੇ ਹੌਸਲੇ ਵਧਦੇ ਰਹਿਣ।

ਸੰਤ ਸੰਪੂਰਣ ਸਿੰਘ

ੴ ਸਤਿਗੁਰਪ੍ਰਸਾਦਿ ॥

---

# ਗੁਰਸਿਖ ਰਹਿਣੀ

"ਇਤੁ ਮਾਰਗਿ ਚਲੇ ਭਾਈਅੜੇ, ਗੁਰ ਕਹੈ ਸੁ ਕਾਰ ਕਮਾਇ ਜੀਉ। ਤਿਆਗੇ ਮਨ ਕੀ ਮਤੜੀ, ਵਿਸਾਰੈ ਦੂਜਾ ਭਾਉ ਜੀਉ। ਇਤ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥"

ਕਿਹੜਾ ਗੁਰ ਸਿੱਖ ਹਿਰਦਾ ਹੈ, ਜੋ ਇਨਾਂ ਤੁਕਾਂ ਨੂੰ ਸੁਣਦੇ ਸਾਰ, ਇਨਾਂ ਦੇ ਮਤਲਬ ਨੂੰ ਸਮਝਦਾ ਹੋਯਾ ਪ੍ਰੇਮ ਦੀ ਤਾਰ ਵਿਚ ਆ, ਝੱਟ ਸਿਰ ਨਹੀਂ ਹਿਲੌਣ ਲਗ ਪੈਂਦਾ। ਇਨਾਂ ਦਾ ਤਾਤ੍ਰਪਰਜ ਕੁਝ ਗੁਝਾ ਨਹੀਂ, ਪਰ ਅਗਲੀ ਗੱਲ ਆਖਨ ਲਗਿਆਂ ਅੱਖੀਆਂ ਤਾਂ ਮੇਰੀਆਂ ਭੀ ਨੀਵੀਆਂ ਹੀ ਹੋ ਪੈਂਦੀਆਂ ਹਨ, ਕਿਉਂਕਿ ਭਾਈ ਚਾਰੇ ਵਾਲੀ ਵਾਦੀ ਤੋਂ ਛੁਟਿਆ ਹੋਇਆ ਮੈਂ ਭੀ ਨਹੀਂ ਹਾਂ। ਕੀ ਤੁਸੀ ਲੋਗ ਕਿਸੇ ਰਾਗੀ ਸਿੰਘ ਅਥਵਾ ਪਾਠੀ ਸਿੰਘ ਦੀ ਰਸਨਾ ਤੋਂ ਸੁਣ, ਜਾਂ ਆਪ ਹੀ ਪੜ੍ਹਕੇ ਇਨਾਂ ਪੰਕਤੀਆਂ ਨੂੰ ਜ਼ਰਾ ਗਹੁ ਨਾਲ ਵਿਚਾਰਿਆ ਹੈ? ਉੱਤਰ ਚਿੱਤ ਵਿਚ ਹੀ ਰਖੋ। ਪਰ ਮੈਂ ਆਪਣੀ ਆਖ ਦੇਂਦਾ ਹਾਂ ਕਿ ਕੇਵਲ ਓਨਾ ਚਿਰ ਹੀ ਇਨਾ ਤੁਕਾਂ ਨੂੰ ਖਯਾਲੀਦਾ ਹੈ, ਜਿੰਨਾਂ ਚਿਰ ਇਨਾਂ ਦਾ ਸਰਬੰਧ ਕੰਨਾ ਨਾਲ ਰਹਿੰਦਾ ਹੈ, ਅਥਵਾ ਰਸਨਾਂ ਜਾਂ ਅੱਖਾਂ ਨਾਲ।

ਸਿਰਜਨਹਾਰ ਪੁਰ ਹਰਦਮ ਧਿਆਨ ਰਖਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਪੰਚਮ ਪਾਤਿਸ਼ਾਹ, ਉਸ ਦਿਆਂ ਸਿਰਜਿਆਂ ਹੋਇਆਂ, ਤੇ ਗੁਰੂ ਨਾਨਕ ਜੀ ਦਿਆਂ ਚਰਨਾਂ ਵੱਲ ਰੁਖ਼ ਰਖਨ ਵਾਲਿਆਂ ਗੁਰਮੁਖਾਂ ਗੁਰ ਸਿਖਾਂ ਨੂੰ ਆਪਣੇ ਪਿਆਰੇ ਭਰਾ ਜਾਣ, ਉਨਾਂ ਨੂੰ "ਭਾਈਅੜੇ" ਸਬਦ ਦਵਾਰੇ ਸੰਬੋਧਨ ਕਰਦੇ ਹੋਏ ਗੁਰੂ ਦੇ ਘਰ ਦੀ ਕਾਰ ਦਸਦੇ ਹਨ। ਕਿ 'ਹੇ ਪਿਆਰਿਓ! ਜੇਹੜੇ ਇਸ ਗੁਰਸਿਖੀ ਦੇ ਮਾਰਗ ਪੁਰ ਤੁਰ ਪਏ ਹਨ, ਉਨਾਂ ਦਾ ਏਹੀ ਮੁੱਖ ਧਰਮ ਹੈ, ਕਿ ਜੋ ਕਾਰ (ਕਰਣੀ) ਸਤਿਗੁਰੂ ਫੁਰਮਾ ਦੇਣ, ਬਿਨਾਂ ਹੀਲੇ ਹੁਜਤ ਦੇ ਉਸਨੂੰ ਕਰਨ ਵਿਚ ਜੁੱਟ ਪੈਣ ਤੇ ਚਿੱਤ ਵਿਚ ਜੋ ਦੂਜੀਆਂ ਹੋਰ ੨ ਉਫਰਾਊ ਤਾਂਘਾਂ ਹੋਣ ਓਨਾਂ ਨੂੰ ਮੂਲੋਂ ਹੀ ਵਿਸਾਰ ਦੇਣ, ਅਰਥਾਤ ਓਨਾਂ ਵੱਲੋਂ ਸਮੂਲਚਾ ਹੀ ਅਫੁਰ ਰਹਣ, ਜੇਕਰ ਇਵੇਂ ਹੀ ਵਰਤੋਗੇ ਤਾਂ ਤੁਸਾਂ ਸਚੇ ਸਰਣਾਗਤਾਂ ਨੂੰ ਤੱਤੀ ਵਾ ਨਹੀਂ ਲਗੇਗੀ ਜਦ ਤਕ ਇਸ ਸੰਸਾਰ ਵਿਚ ਜੀਵੋਗੇ, ਕਿਸੇ ਭਾਂਤ ਦੇ ਸੋਕ ( ਊਜ ਉਲਾਂਭੇ ਆਦਿ ਘ੍ਰਿਣਿਤ ਦੋਖ) ਨਹੀਂ ਵਾਪਰ ਸਕਨਗੇ ਤੇ ਓੜਕ ਨੂੰ ਉਸ ਵਾਹਗੁਰੂ ਪਿਤਾ ਦੇ ਦਰਸ਼ਨ ( ਸਾਖਯਾਤ ਕਾਰ ਨੂੰ ਪ੍ਰਾਪਤ ਹੋਕੇ ਉਸਦੇ ਚਰਨਾਂ ਵਿਚ ਸਮਾ ਜਾਓਗੇ।

ਗੁਰੂ ਮਹਾਰਾਜ ਜੀ ਨੇ ਆਖਿਆ ਤੇ ਅਸਾਂ ਜਤੋਂ ਕ ਤਤੋਂ ਮੰਨਿਆ। ਸੱਚ ਅਸੀਂ ਦੇਵੀਆਂ ਦਿਓਤੇ ਮੜੀਆਂ ਮੂਰਤ ਮੰਨਨੀਆਂ ਤਜਾਗ ਦਿੱਤੀਆਂ, ਤੀਰਥੀਂ ਭਟਕਨਾ ਭੀ ਅਸ ਛੱਡ ਦਿੱਤਾ, ਇਥੋਂ ਤਕ ਕਿ ਜਠੇਰੇ ਪੂਜਨੋਂ ਉਪ੍ਰਾਮ ਹੋ ਅਸ ਮਨੁੱਖ ਪ੍ਰਸਤੀ ਭੀ ਚਾ ਤਜਾਗੀ, ਅਰੁ ਅਸੀਂ ਇਕੋ ਸਤਿਗੁਰੂ ਦੇ ਨਾਮ ਧਰੀਕ—ਵਾਹਗੁਰੂ ਅਕਾਲ ਪੁਰਖਦੇਆਲੰਬੀਬਣਗਏ



ਪਰ ਮੈਂ ਦੇਖਦਾ ਹਾਂ ਤੁਹਾਨੂੰ ਅੰਦਰੋਂ, ਮੈਂ ਤੱਕਦਾ ਹਾਂ ਉਪਰੋਂ—ਆਪਣੇ ਆਪਨੂੰ ਭੀ ਦੇਖਦਾ ਹਾਂ ਤਾਂ ਗੁਰੂ ਸਾਹਿਬ ਦਾ ਵਾਕ ਯਾਦ ਆ ਜਾਂਦਾ ਹੈ:—

"ਜਿਨ ਮਨ ਹੋਰ ਮੁਖ ਹੋਰ ਸੇ ਕਾਢੇ ਕੱਚਿਆ।"

ਕੀ ਆਖ ਸਕਦੇ ਹੋ ਅਸੀਂ ਸੱਚੇ ਹਾਂ ? ਤੇ ਮਨ ਦੀਆਂ ਮੱਤਾਂ ਸਭ ਤਜਾਗ ਚੁੱਕੇ ਹਾਂ ? ਬਿਲਕੁਲ ਨਹੀਂ। ਜੇ ਸੱਚੇ ਹੋਈਏ, ਕੱਚ ਦੇ ਸੰਗੀ ਨਾ ਹੋਈਏ

ਤਾਂ-"ਸਚ ਨਾ ਲਗੇ ਮੈਲੁ ਕਿਆ ਮਲੁ ਧੋਈਐ॥
ਗੁਨਹ ਹਾਰ ਪਰੋਈਐ ਅਵਗੁਣ ਰੋਈਐ॥"

ਅਸੀਂ ਰੋਣ ਕਿਉਂ ਰੋਈਏ, ਸਿਰ ਧੁਨ ੨ ਕੇ ਪਛੋ ਕਿਉਂ ਤਾਈਏ, ਕਿ 'ਅਸਾਂ ਨੂੰ ਫੁਟ ਨੇ ਮਾਰ ਲਿਆ ਹੈ, ਹਾਇ! ਅਸੀਂ ਆਪੋ ਵਿੱਚ ਭਰਾ ਬਣਨ ਦੀ ਥਾਂ ਵੈਰੀ ਬਣ ਰਹੇ ਹਾਂ, ਆਪੋ ਵਿਚ ਇਕ ਦੂਏ ਨੂੰ ਪਛਾੜਨ ਦੇ ਜਤਨ ਵਿਚ ਜੁਟੇ ਹੋਏ ਹਾਂ, ਇਹ ਕਿਉਂ ਹੋਗਿਆ ? ਅਸਾਂ ਸੱਚ ਨੂੰ ਨਹੀਂ ਪਿਆਰਿਆ। ਤੇ ਫੇਰ ਇਹ ਕਿਉਂ ਹੋਗਿਆ? ਅਸਾਂ ਕੱਚਿਆਂ ਦੀ ਸੰਗਤ ਨਾਲ ਨਿਹੁੰ ਪਾਲਜਾ। ਕੀਹ ਕਦੀ ਸੱਚ ਨੂੰ ਆਂਚ ਲਗ ਸਕਦੀ ਹੈ ? ਕਦੀ ਨਹੀਂ ਤੇ ਜਦ ਆਂਚ ਹੀ ਨਹੀਂ ਲਗ ਸਕਦੀ,ਤਾਂ ਕਾਲਕ ਦੀ ਮੈਲ ਧੋਨ ਦਾ ਸਾਨੂੰ ਫਿਕਰ ਕਾਸਦਾ। ਭਰਾਵਾਂ ਨੂੰ ਪਰਾਏ ਜਾਣ, ਓਹਨਾਂ ਦੇ ਮਾਨੋਂ ਪਰਾਇਆਂ ਔਗਣਾਂ ਵੱਲ ਤੱਕਨਦੇ ਗੁਨਾਹਾਂ ਦੀਆਂ ਲੜੀਆਂ ਪਰੋ ਪਰੋ ਕੇ ਸੀਨਿਆਂ ਤੇ ਪਹਿਰੀ ਜਾਂਦੇ ਹਾਂ ਪਰ ਭਾਰ ਨਾਲ ਸਾਹ ਬੰਦ ਹੁੰਦਿਆਂ ਰੋਂਦੇ ਤੇ ਪਛਤੌਂਦੇ ਹਾਂ। ਸੋਚੋ ਤਾਂ ਇਹ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.